**ਪੰਜਾਬੀ ਯੂਨੀਵਰਸਿਟੀ, ਪਟਿਆਲਾ**

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

**ਟਰਾਂਸਪੋਰਟ ਵਿਭਾਗ**

ਨੰ. 1431 /ਟਰਾਂਸਪੋਰਟ

ਮਿਤੀ 27-12-2023

## ਬੱਸਾਂ ਕਿਰਾਏ 'ਤੇ ਲੈਣ ਲਈ ਕੁਟੇਸ਼ਨਾਂ ਦੀ ਮੰਗ

ਯੂਨੀਵਰਸਿਟੀ ਲਈ ਤਿੰਨ ਮਿੰਨੀਆਂ ਬੱਸਾਂ ਕਿਰਾਏ 'ਤੇ ਲੈਣ ਲਈ ਵੱਖ-ਵੱਖ ਫਰਮਾਂ/ਟਰਾਂਸਪੋਟਰਾਂ ਪਾਸੋਂ ਕੁਟੇਸ਼ਨਾਂ ਦੀ ਮੰਗ ਕੀਤੀ ਜਾਂਦੀ ਹੈ। ਇਹ ਲਿਫਾਫ਼ਾ ਬੰਦ ਕੁਟੇਸ਼ਨਾਂ ਮਿਤੀ 04-01-2023 ਨੂੰ ਬਾ.ਦੁ. 3:00 ਵਜੇ ਤੱਕ ਰਜਿਸਟਰਾਰ ਦਫ਼ਤਰ ਵਿਖੇ ਪਹੁੰਚ ਜਾਣੀਆਂ ਚਾਹੀਦੀਆਂ ਹਨ। ਨਿਸ਼ਚਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਈਆਂ ਕੁਟੇਸ਼ਨਾਂ ਵਿਚਾਰੀਆਂ ਨਹੀਂ ਜਾਣਗੀਆਂ। ਇਸ ਸਬੰਧੀ ਕੁਝ ਜ਼ਰੂਰੀ ਸ਼ਰਤਾਂ ਹੇਠ-ਲਿਖੇ ਅਨੁਸਾਰ ਹਨ:-

1) ਇਹ ਬੱਸਾਂ ਯੂਨੀਵਰਸਿਟੀ ਕੈਂਪਸ ਤੋਂ ਪਟਿਆਲਾ ਸ਼ਹਿਰ ਤੱਕ ਚਲਾਈਆਂ ਜਾਣਗੀਆਂ, ਜਿਹਨਾਂ ਦੀ ਸਾਫ਼-ਸਫਾਈ ਦੀ ਜਿੰਮੇਵਾਰੀ ਸਬੰਧਤ ਟਰਾਂਸਪੋਟਰ ਦੀ ਹੋਵੇਗੀ।
2) ਇਹ ਬੱਸਾਂ ਮਹੀਨੇ ਵਿੱਚ ਲਗਭਗ 26 ਦਿਨ ਚੱਲਣਗੀਆਂ ਅਤੇ ਰੋਜ਼ਾਨਾ ਲਗਭਗ 100 ਕਿ.ਮੀ. ਦਾ ਸਫ਼ਰ ਤੈਅ ਕਰਨਗੀਆਂ। ਬੱਸਾਂ ਯੂਨੀਵਰਸਿਟੀ ਕੈਂਪਸ ਅੰਦਰ ਹੀ ਖੜ੍ਹੀਆਂ ਕੀਤੀਆਂ ਜਾਣਗੀਆਂ।
3) ਬੱਸ 'ਤੇ ਡਰਾਇਵਰ ਸਬੰਧਤ ਟਰਾਂਸਪੋਟਰ ਦਾ ਹੋਵੇਗਾ ਅਤੇ ਕੰਡਕਟਰ ਯੂਨੀਵਰਸਿਟੀ ਦਾ ਹੋਵੇਗਾ।
4) ਬੱਸ ਦਾ ਡੀਜ਼ਲ ਯੂਨੀਵਰਸਿਟੀ ਵੱਲੋਂ ਪੁਆਇਆ ਜਾਵੇਗਾ, ਜਿਸ ਦੀ ਐਵਰੇਜ਼ ਪ੍ਰਤੀ ਲੀਟਰ 5.5 ਕਿਲੋਮੀਟਰ ਦੇਣਯੋਗ ਹੋਵੇਗੀ।
5) ਕਿਸੇ ਅਣਸੁਖਾਵੀਂ ਘਟਨਾ ਜਾਂ ਹਾਦਸਾ ਵਾਪਰਨ, ਜੁਰਮਾਨਾ, ਚਲਾਨ, ਟੈਕਸ ਆਦਿ ਦੀ ਜਿੰਮੇਵਾਰੀ ਸਬੰਧਤ ਟਰਾਂਸਪੋਟਰ/ਕੰਪਨੀ ਦੀ ਹੋਵੇਗੀ।
6) ਉਪਰੋਕਤ ਤੋਂ ਇਲਾਵਾ ਬਾਕੀ ਸ਼ਰਤਾਂ ਮੌਕੇ ਤੇ ਦੱਸੀਆਂ ਜਾਣਗੀਆਂ।

Najo Ham
27.12.23
ਰਜਿਸਟਰਾਰ